22-10-95

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਲੋਕ ਹਿੱਤਾਂ ਦੀ ਪਹਿਰੇਦਾਰੀ ਅਤੇ ਸਾਹਿਤ :** ਸਾਡੇ ਦੇਸ਼ ਦੀ ਵੱਡੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ। ਪੇਂਡੂ ਭਾਈਚਾਰੇ ਵਿਚ ਪੰਚਾਇਤਾਂ ਦੀ ਭੂਮਿਕਾ ਬਹੁਤ ਮਹੱਤਤਾ ਰੱਖਦੀ ਹੈ। ਪੰਚਾਂ ਅਤੇ ਖਾਸਕਰ ਸਰਪੰਚਾਂ ਦਾ ਜ਼ਿਕਰ ਪੰਜਾਬੀ ਕਥਾ ਸਾਹਿਤ ਵਿਚ ਚੰਗੇ ਕਿਰਦਾਰ ਨਾਲ ਨਹੀਂ ਜੁੜਦਾ। ਆਮ ਤੌਰ 'ਤੇ ਇਹ ਜ਼ਿਕਰ ਇਸੇ ਤਰ੍ਹਾਂ ਹੀ ਆਉਂਦਾ ਹੈ ਕਿ ਪਿੰਡ ਦਾ ਸਰਪੰਚ ਸਾਰਿਆ ਨਾਲੋਂ ਰੋਅਬਦਾਰ ਬੰਦਾ ਹੁੰਦਾ ਹੈ, ਜਿਸ ਦੀ ਸਰਕਾਰੇ ਦਰਬਾਰੇ ਪਹੁੰਚ ਹੋਵੇ। ਪੁਲੀਸ ਦੀ ਟਾਊਟਗਿਰੀ ਵੀ ਇਸ ਕਿਰਦਾਰ ਦਾ ਖਾਸਾ ਹੁੰਦਾ ਰਿਹਾ ਹੈ ਪਰ ਹੁਣ ਇਸ ਵਰਤਾਰੇ ਵਿਚ ਤਬਦੀਲੀ ਵੇਖਣ ਨੂੰ ਆ ਰਹੀ ਹੈ। ਇਸ ਬਹਿਸ ਵਿਚ ਪਏ ਬਗੈਰ ਕਿ ਇਹ ਪੰਚ ਸਰਪੰਚ ਕਿਸ ਤਰ੍ਹਾਂ ਚੁਣੇ ਜਾਂਦੇ ਹਨ, ਪੰਚ ਸਰਪੰਚ ਹੁਣ ਆਪਣੇ ਅਧਿਕਾਰਾਂ ਬਾਰੇ ਚੇਤਨ ਹੋ ਰਹੇ ਹਨ। ਇਸ ਹਫਤੇ ਸਰਪੰਚਾਂ ਦਾ ਇਕ ਵੱਡਾ ਸੰਮੇਲਨ ਦਿੱਲੀ ਵਿਚ ਹੋਇਆ ਜਿਸ ਤਰ੍ਹਾਂ ਆਮ ਤੌਰ 'ਤੇ ਸਰਕਾਰ ਵਲੋਂ ਆਯੋਜਿਤ ਸੰਮੇਲਨਾਂ ਵਿਚ ਹੁੰਦਾ ਹੈ, ਮੰਤਰੀਆਂ ਦੇ ਭਾਸ਼ਨਾਂ ਦੀ ਬਹੁਤਾਤ ਹੁੰਦੀ ਹੈ। ਇਸ ਵਾਰ ਤਾਂ ਦੇਸ਼ ਦੇ ਬਜ਼ੁਰਗ ਪ੍ਰਧਾਨ ਡਾ. ਸ਼ੰਕਰ ਦਿਆਲ ਸ਼ਰਮਾ ਨੂੰ ਦਖਲਅੰਦਾਜ਼ੀ ਕਰਕੇ ਇਹ ਭਾਸ਼ਨ ਬੰਦ ਕਰਵਾਦੇ ਪਏ। ਉਨ੍ਹਾਂ ਟਿੱਪਣੀ ਕੀਤੀ ਕਿ ਪਿੰਡਾਂ ਤੋਂ ਆਏ ਇਹ ਲੋਕ ਮੰਤਰੀਆਂ ਤੋਂ ਵੱਧ ਆਪਣੇ ਫਰਜ਼ਾਂ ਨੂੰ ਜਾਣਦੇ ਹਨ। ਇਸ ਸੰਮੇਲਨ ਵਿਚ ਇਹ ਗੱਲ ਉਭਰ ਕੇ ਆਈ ਕਿ ਅਫਸਰਸ਼ਾਹੀ ਜੇਕਰ ਦਖਲਅੰਦਾਜ਼ੀ ਨਾ ਕਰੇ ਤਾਂ ਪੰਚਾਇਤਾਂ ਆਪਣੇ ਫਰਜ਼ ਪੂਰੀ ਤਰ੍ਹਾਂ ਨਿਭਾ ਸਕਦੀਆਂ ਹਨ। ਲੋਕ ਭਲਾਈ ਲਈ ਰੱਖੇ ਗਏ ਫੰਡਾਂ ਦੀ ਪਹਿਰੇਦਾਰੀ ਪੰਚਾਇਤਾਂ ਵੱਧ ਕਰ ਸਕਦੀਆਂ ਹਨ। ਇਸੇ ਤਰ੍ਹਾਂ ਪੇਂਡੂ ਖੇਤਰ ਵਿਚ ਸਥਾਪਤ ਸਕੂਲਾਂ, ਸਿਹਤ ਕੇਂਦਰਾਂ, ਕੋਆਪਰੇਟਿਵ ਮਾਰਕੀਟਿੰਗ ਸੁਸਾਇਟੀਆਂ ਦੀ ਕਾਰਗੁਜ਼ਾਰੀ ਉਤੇ ਪੰਚਾਇਤਾਂ ਨਿਗਰਾਨੀ ਰੱਖ ਸਕਦੀਆਂ ਹਨ। ਬਹੁਤ ਵਾਰੀ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਪੰਚਾਇਤਾਂ ਦੀ ਦਖਲਅੰਦਾਜ਼ੀ ਬਾਰੇ ਬੁੜਬੁੜ ਕਰਦੇ ਹਨ। ਅਖੇ ਇਹ ਅਨਪੜ੍ਹ ਜਾਂ ਅੱਧਪੜ੍ਹੇ ਲੋਕ ਕੀ ਜਾਨਣ ਕਿ ਸਰਕਾਰਾਂ ਕਿਸ ਤਰ੍ਹਾਂ ਚਲਦੀਆਂ ਹਨ। ਸਰਕਾਰਾਂ ਕਿਸ ਤਰ੍ਹਾਂ ਭ੍ਰਿਸ਼ਟ ਵਰਤਾਰੇ ਨਾਲ ਚਲਦੀਆਂ ਹਨ, ਹੁਣ ਇਹਦੇ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹੀ।

ਸਾਹਿਤਕਾਰਾਂ ਦਾ ਬਹੁਤ ਵੱਡਾ ਫਰਜ਼ ਬਣਦਾ ਹੈ ਕਿ ਪੇਂਡੂ ਭਾਈਚਾਰੇ ਬਾਰੇ ਸਾਹਿਤ ਰਚਦੇ ਹੋਏ ਪੰਚਾਂ ਅਤੇ ਸਰਪੰਚਾਂ ਦੀ ਭੂਮਿਕਾ ਬਾਰੇ ਇਕ ਸਾਂਵੀਂ ਸੋਚ ਅਪਨਾਉਣ। ਬੀਰ ਸਿੰਘ ਨਿਰਵੈਰ ਦੀ ਪ੍ਰਸਿੱਧ ਰਚਨਾ 'ਸਸਤਾ ਲਹੂ' ਵਿਚ ਇਸ ਦਾ ਪ੍ਰਮਾਣ ਮਿਲਦਾ ਹੈ। ਤਲਵਿੰਦਰ ਸਿੰਘ ਦੀ ਕਹਾਣੀ 'ਰਾਜ਼ੀਨਾਮਾ' ਵਿਚ ਵੀ ਇਸ ਸਾਂਵੀਂ ਸੋਚ ਦੀ ਝਲਕ ਮਿਲਦੀ ਹੈ। ਕੁਝ ਪੰਜਾਬੀ ਫਿਲਮਾਂ ਵਿਚ ਵੀ ਇਸ ਵਿਸ਼ੇ ਨੂੰ ਸ਼ਕਤੀਸ਼ਾਲੀ ਤਰੀਕੇ ਨਾਲ ਨਿਭਾਇਆ ਗਿਆ ਹੈ। ਪੰਚਾਂ ਸਰਪੰਚਾਂ ਦੀ ਸਹੀ ਮੁਦਾਖਲਤ ਨਾਲ ਨਿਭਾਇਆ ਗਿਆ ਹੈ। ਭਾਈਚਾਰਾ ਇਕ ਆਦਰਸ਼ਕ ਭਾਈਚਾਰਾ ਬਣਾਇਆ ਜਾ ਸਕਦਾ ਹੈ। ਸਾਹਿਤਕਾਰ ਇਸ ਦਿਸ਼ਾ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

**ਨਾਟਕ ਫਰੀਡਮ ਫਾਈਟਰ :** ਸਰਘੀ ਕਲਾ ਕੇਂਦਰ ਮੁਹਾਲੀ ਵਲੋਂ 11 ਅਕਤੂਬਰ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਸੰਜੀਵਨ ਸਿੰਘ ਦਾ ਲਿਖਿਆ ਅਤੇ ਡੀਜ਼ਾਇਨ ਕੀਤਾ ਨਾਟਕ 'ਫਰੀਡਮ ਫਾਈਟਰ' ਸਟੇਜ ਕੀਤਾ ਗਿਆ। ਸਮੇਂ ਦੀ ਨਬਜ਼ ਪਛਾਣਦੇ ਹੋਏ ਇਸ ਗੁੰਦਵੇਂ ਪਲਾਟ ਵਾਲੇ ਨਾਟਕ ਵਿਚ ਕੁਝ ਮੁੱਦੇ ਉਠਾਏ ਗਏ ਹਨ ਜੋ ਕਲਾ ਦੇ ਫਰਜ਼ਾਂ ਦੇ ਸੰਦਰਭ ਵਿਚ ਸਾਡਾ ਧਿਆਨ ਮੰਗਦੇ ਹਨ। ਨਾਟਕ ਦਾ ਵਿਸ਼ਾ ਹੈ ਕਿ ਸੁਹਿਰਦ ਫਰੀਡਮ ਫਾਈਟਰ ਨੂੰ ਇਸ ਨਿਜ਼ਾਮ ਵਿਚ ਧੱਕੇ ਖਾਣੇ ਪੈਂਦੇ ਹਨ। ਭ੍ਰਿਸ਼ਟ ਸਿਆਤਦਾਨਾਂ ਅਤੇ ਅਫਸਰਾਂ ਦੀ ਮਿਲੀ-ਭੁਗਤ ਨਾਲ ਉਹ ਸਾਰੀਆਂ ਸਹੂਲਤਾਂ ਜਿਸ ਉਤੇ ਇਕ ਫਰੀਡਮ ਫਾਈਟਰ ਦਾ ਹੱਕ ਹੈ, ਭ੍ਰਿਸ਼ਟ ਲੋਕਾਂ ਦੇ ਘਰਾਂ ਵਿਚ ਪੁੱਜ ਜਾਂਦੀਆਂ ਹਨ। ਨਾਟਕ ਦਾ ਸਿਖਰ, ਜਿਸ ਤਰ੍ਹਾਂ ਉਸਾਰਿਆ ਗਿਆ ਹੈ, ਉਹ ਇਕ ਸੱਚੇ ਸੁੱਚੇ ਫਰੀਡਮ ਫਾਈਟਰ ਦੀ ਬੇਵਸੀ ਹੈ। ਇਹ ਬੇਵਸੀ ਅੱਜ ਦਾ ਯਥਾਰਥ ਜ਼ਰੂਰ ਹੈ ਪਰ ਇਹ ਬੇਵਸੀ ਪੇਸ਼ ਕਰਕੇ ਨਾਟਕ ਦਾ ਅੰਤ ਕਰ ਦੇਣਾ ਸਾਹਿਤ ਅਤੇ ਕਲਾ ਦੇ ਉਦੇਸ਼ਾਂ ਨੂੰ ਪੂਰਾ ਨਹੀਂ ਕਰਦਾ। ਸਾਹਿਤ ਅਤੇ ਕਲਾ ਦਾ ਯਥਾਰਥ ਪੇਸ਼ ਕਰਦੇ ਹੋਇਆਂ ਲੋਕਾਂ ਨੂੰ ਗਲਤ ਵਰਤਾਰੇ ਵਿਰੁੱਧ ਸੰਘਰਸ਼ ਦਾ ਸੰਦੇਸ਼ ਵੀ ਦੇਣਾ ਹੁੰਦਾ ਹੈ। ਇਸ ਨੂੰ ਇਕ ਸਾਹਿਤਕਾਰ ਦਾ 'ਇੱਛਕ ਯਥਾਰਥ' ਵੀ ਕਹਿੰਦੇ ਹਨ। ਆਲੋਚਕਾਂ ਵਲੋਂ ਬਹੁਤ ਵਾਰ ਇਸ ਇੱਛਕ ਯਥਾਰਥ ਨੂੰ ਨਾਅਰਾ ਜਾਂ ਪ੍ਰਚਾਰ ਕਹਿ ਕੇ ਭੰਡਿਆ ਜਾਂਦਾ ਹੈ। ਉਹ ਕਿਸੇ ਦਿਸ਼ਾ ਦਾ ਦੱਸਿਆ ਜਾਣਾ ਨਾਅਰਾ ਗਰਦਾਨਣਗੇ। ਇਹ ਆਲੋਚਕ ਦਾ ਅਤੇ ਸਾਹਿਤ ਨੂੰ ਲੋਕਾਂ ਤੋਂ ਦੂਰ ਕਰਦੇ ਹਨ। ਭ੍ਰਿਸ਼ਟ ਵਰਤਾਰਾ ਸਾਹਿਤ ਅਤੇ ਕਲਾ ਦੀ ਦਖਲਅੰਦਾਜ਼ੀ ਦੀ ਮੰਗ ਕਰਦਾ ਹੈ। ਵਿਚਾਰ ਅਧੀਨ ਨਾਟਕ ਦਾ ਅੰਤ ਫਰੀਡਮ ਫਾਈਟਰ ਦੀ ਬੇਵਸੀ ਨਹੀਂ ਸਗੋਂ ਲੋਕਾਂ ਨੂੰ ਨਾਲ ਲੈ ਕੇ ਇਕ ਬਗਾਵਤ ਵਾਲੀ ਸਰਗਰਮੀ ਦਾ ਸੰਕੇਤ ਵਾਲਾ ਹੋਣਾ ਚਾਹੀਦਾ ਸੀ। ਸਾਹਿਤ ਅਤੇ ਕਲਾ ਵਿਚ ਬਗਾਵਤ ਦਾ ਸੁਰ ਉਚਾ ਕਰਨਾ ਨਾਅਰਾ ਨਹੀਂ ਸਗੋਂ ਇਕ ਲੋੜ ਹੈ।

**ਰੈਡ ਕਰਾਸ ਮੇਲਿਆਂ ਦਾ ਕਲਚਰ :** ਰੈਡ ਕਰਾਸ ਸੁਸਾਇਟੀ ਦੁਖੀਆਂ ਦੀ ਸੇਵਾ ਲਈ ਹੋਂਦ ਵਿਚ ਆਈ ਸੀ। ਜ਼ਿਲਾ ਪੱਧਰ 'ਤੇ ਸੁਸਾਇਟੀ ਦਾ ਪ੍ਰਧਾਨ ਆਮ ਤੌਰ 'ਤੇ ਡਿਪਟੀ ਕਮਿਸ਼ਨਰ ਜਾਂ ਉਹਦੀ ਪਤਨੀ ਹੁੰਦੀ ਹੈ। ਇਸ ਲਈ ਇਸ ਸੁਸਾਇਟੀ ਲਈ ਫੰਡ ਇਕੱਠਾ ਕਰਨ ਲਈ ਜਾਇਜ਼ ਜਾਂ ਨਾਜਾਇਜ਼ ਸਰਕਾਰੀ ਅਸਰ ਰਸੂਖ ਵਰਤਿਆ ਜਾਂਦਾ ਹੈ। ਅੱਜ ਕੱਲ੍ਹ ਰੈਡ ਕਰਾਸ ਮੇਲੇ ਜੂਏ ਦੀਆਂ ਖੇਡਾਂ ਦੇ ਮੇਲੇ ਬਣ ਕੇ ਰਹਿ ਗਏ ਹਨ। ਇਨ੍ਹਾਂ ਖੇਡਾਂ ਦੇ ਬਹੁਤੇ ਸ਼ਿਕਾਰ ਵਿਦਿਆਰਥੀ ਹੁੰਦੇ ਹਨ। ਘਰਾਂ ਤੋਂ ਲਿਆਂਦੀਆਂ ਫੀਸਾਂ ਇਨ੍ਹਾਂ ਜੂਏ ਦੀਆਂ ਖੇਡਾਂ ਦੀ ਭੇਟ ਹੋ ਜਾਂਦੀਆਂ ਹਨ। ਦੁਖੀਆਂ ਦੀ ਸਹਾਇਤਾ ਦੀ ਥਾਂ ਇਹ ਸੁਸਾਇਟੀ ਦੁਖ ਵਧਾਉਣ ਦਾ ਕਾਰਨ ਹੋ ਨਿਬੜਦੀ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਜਥੇਬੰਦਕ ਵਿਦਿਆਰਥੀ ਲਹਿਰ ਨੇ ਇਸ ਮੇਲਿਆਂ ਦੇ ਕਲਚਰ ਦੇ ਵਿਰੁੱਧ ਆਵਾਜ਼ ਉਠਾਈ ਹੈ। ਗੁੜਗਾਉਂ ਤੋਂ ਉਠੀ ਇਹ ਆਵਾਜ਼ ਸਮੂਹ ਲੋਕਾਂ ਦੀ ਆਵਾਜ਼ ਬਣਨੀ ਚਾਹੀਦੀ ਹੈ।